pstcl

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫ਼ਤਰ ਉਪ ਮੁੱਖ ਇੰਜ:/ ਐੱਚ ਆਰ ਅਤੇ ਪ੍ਰਬੰਧਕੀ, ਸ਼ਕਤੀ ਸਦਨ ਪਟਿਆਲਾ

**ਫੈਕਸ ਨੰ:**- 0175-2220054 **ਟੈਲੀਫੂਨ ਨੰ:**- 0175-2225907 **ਵੈਬਸਾਇਟ:** pstcl.org

**ਵੱਲ**

1. ਮੁੱਖ ਇੰਜੀ:/ਟੀ.ਐਸ, ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਮੁੱਖ ਇੰਜੀ:/ਪੀ ਅਤੇ ਐਮ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
3. ਮੁੱਖ ਇੰਜੀ:/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ, ਅਬਲੋਵਾਲ।
4. ਵਿੱਤ ਸਲਾਹਕਾਰ, ਪੀ.ਐਸ.ਟੀ.ਸੀ.ਐਲ, ਪਟਿਆਲਾ।
5. ਸੀ.ਐਫ.ਓ,ਪੀ.ਐਸ.ਟੀ.ਸੀ.ਐਲ, ਪਟਿਆਲਾ।
6. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
7. ਉਪ ਸਕੱਤਰ/ਲੀਗਲ ਭਾਗ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 8742/48/Est-2/Admn./Adpt.Cir./25 ਮਿਤੀ: 9-6-15

**ਵਿਸ਼ਾ:-** ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਅਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਸੰਬੰਧੀ।

ਉਕਤ ਵਿਸ਼ੇ ਤੇ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਵਲੋਂ ਜ਼ਾਰੀ ਕੀਤੀ ਨੋਟੀਫਿਕੇਸ਼ਨ ਨੰ: 7/204/2012-4 ਐਫ.ਪੀ.1/66 ਮਿਤੀ 15.01.2015 (ਕਾਪੀ ਨੱਥੀ) ਨੂੰ ਅਪਣਾਉਣ ਹਿੱਤ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਵਿੱਤ ਭਾਗ (ਪੀ.ਆਰ.ਸੀ.) ਵੱਲੋਂ ਮੀਮੋ ਨੰ: 31532/31571/PRC-303/2006/Vol.II ਮਿਤੀ: 10-04-2015 (ਕਾਪੀ ਨੱਥੀ) ਰਾਹੀਂ ਜਾਰੀ ਕੀਤੇ ਵਿੱਤ ਸਰਕੂਲਰ ਨੰ:6/2015 ਨੂੰ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵਲੋਂ Prospectively ਇੰਨ-ਬਿੰਨ ਅਪਣਾਉਣ ਦਾ ਫੈਸਲਾ ਲਿਆ ਜਾਂਦਾ ਹੈ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ: ਉਪਰੋਕਤ ਅਨੁਸਾਰ

9/6
ਉਪ ਸਕੱਤਰ,
ਪੀ.ਐਸ.ਟੀ.ਸੀ.ਐਲ.,ਪਟਿਆਲਾ

**ਪਿੱਠ ਅੰਕਣ ਨੰ:**_____/Est-2/Admn./Adpt.Cir./25 **ਮਿਤੀ:** _______

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸੀਨੀ.ਪੀ.ਐਸ ਟੂ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਪੀ.ਐਸ. ਟੂ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
3. ਉੱਪ ਸਕੱਤਰ ਟੂ ਡਾਇਰੈਕਟਰ/ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
4. ਸੀਨੀ.ਪੀ.ਐਸ ਟੂ ਡਾਇਰੈਕਟਰ/ਫਾਇਨਾਂਸ ਅਤੇ ਕਮਰਸ਼ੀਅਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
5. ਪੀ.ਐਸ. ਟੂ ਮੁੱਖ ਇੰਜੀ:/ਐਚ.ਆਰ ਅਤੇ ਆਈ.ਟੀ, ਪੀ.ਐਸ.ਟੀ.ਸੀ.ਐਲ, ਪਟਿਆਲਾ।
6. ਸਮੂਹ ਮੁੱਖ ਇੰਜੀ:/ਨਿਗ: ਇੰਜੀ:, ਪੀ.ਐਸ.ਟੀ.ਸੀ.ਐਲ
7. ਸਮੂਹ ਵਧੀਕ ਨਿਗ:ਇੰਜੀ/ਸੀ.ਕਾਰਜਕਾਰੀ.ਇੰਜੀ:, ਪੀ.ਐਸ.ਟੀ.ਸੀ.ਐਲ
8. ਸਮੂਹ ਉੱਪ ਸਕੱਤਰ ਅਤੇ ਅਧੀਨ ਸਕੱਤਰ, ਪੀ.ਐਸ.ਟੀ.ਸੀ.ਐਲ
9. ਸਮੂਹ ਲੇਖਾ ਅਫਸਰ, ਪੀ.ਐਸ.ਟੀ.ਸੀ.ਐਲ
10. ਲੇਖਾ ਅਫਸਰ/ਤਨਖਾਹ ਅਤੇ ਲੇਖਾ, ਪੀ.ਐਸ.ਟੀ.ਸੀ.ਐਲ
11. ਲੇਖਾ ਅਫ਼ਸਰ/ਕੈਸ਼, ਪੀ.ਐਸ.ਟੀ.ਸੀ.ਐਲ
12. ਸੁਪਰਡੈਂਟ/ਬਿਲਜ਼, ਪੀ.ਐਸ.ਟੀ.ਸੀ.ਐਲ, ਪਟਿਆਲਾ।
13. ਨਿਗ:ਇੰਜੀ:/ਆਈ.ਟੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਪੀ.ਐਸ.ਟੀ.ਸੀ.ਐਲ ਦੇ ਵੈੱਬਸਾਇਟ ਦੇ ਹੋਮ ਪੇਜ਼ ਤੇ ਨਵੀਂ ਐਂਟਰੀ ਦੇ ਤੌਰ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ ।

9/6
ਉਪ ਸਕੱਤਰ,
ਪੀ.ਐਸ.ਟੀ.ਸੀ.ਐਲ.,ਪਟਿਆਲਾ

**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
**ਵਿੱਤ ਭਾਗ (ਪੀ.ਆਰ.ਸੀ.)**

ਵਿੱਤ ਸਰਕੂਲਰ
ਨੰ: 6 / **2015**

ਵੱਲ

1. ਡੀ.ਜੀ.ਪੀ./ਵੀ ਤੇ ਐਸ, ਪੀ.ਐਸ.ਪੀ.ਸੀ.ਐਲ., ਪਟਿਆਲਾ।
2. ਸਾਰੇ ਇੰਜ-ਇੰਨ-ਚੀਫ, ਜਨਰਲ ਮੈਨੇਜਰ, ਮੁੱਖ ਇੰਜੀਨੀਅਰ (ਸਮੇਤ ਹਾਈਡਲ), ਪੀ.ਐਸ.ਪੀ.ਸੀ.ਐਲ./ਪੀ.ਐਸ.ਟੀ.ਸੀ.ਐਲ.
3. ਜਨਰਲ ਮੈਨੇਜਰ/ਪ੍ਰਬੰਧਕੀ, ਪੀ.ਐਸ.ਪੀ.ਸੀ.ਐਲ., ਪਟਿਆਲਾ।
4. ਕਾਨੂੰਨੀ ਸਲਾਹਕਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
5. ਵਿੱਤ ਸਲਾਹਕਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
6. ਕਾਸਟ ਕੰਟਰੋਲਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
7. ਮੁੱਖ ਪੜਤਾਲਕਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ।
8. ਸਾਰੇ ਮੁੱਖ ਲੇਖਾ ਅਫਸਰ, ਪੀ.ਐਸ.ਪੀ.ਸੀ.ਐਲ./ਪੀ.ਐਸ.ਟੀ.ਸੀ.ਐਲ., ਪਟਿਆਲਾ।

ਮੀਮੋ ਨੰ: 31532 / 31571 / PRC-303/2006/Vol.II

ਮਿਤੀ:- 10 . 04. 2015

**ਵਿਸ਼ਾ :** **ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਅਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਸਬੰਧੀ।**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਲੋਂ ਉਕਤ ਵਿਸ਼ੇ ਤੇ ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-I ਸ਼ਾਖਾ) ਵਲੋਂ ਪ੍ਰਾਪਤ ਨੋਟੀਫਿਕੇਸ਼ਨ ਨੰ:7/204/2012-4 ਐਫ.ਪੀ.1/66 ਮਿਤੀ 15.01.2015 (ਕਾਪੀ ਨੱਥੀ) ਨੂੰ Prospectively ਇੰਨ-ਬਿੰਨ ਅਪਨਾਉਣ ਦਾ ਫੈਸਲਾ ਲਿਆ ਜਾਂਦਾ ਹੈ।

ਨੱਥੀ/ਉਕਤ ਅਨੁਸਾਰ

ਉਪ ਸਕੱਤਰ/ਵਿੱਤ-I

ਪਿੱਠ ਅੰਕਣ ਨੰ: 31572 / 32022 / PRC-303/2006/Vol.II ਮਿਤੀ:- 10. 04. 2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪ੍ਰਿੰਸੀਪਲ ਸਕੱਤਰ ਟੂ ਪੰਜਾਬ ਸਰਕਾਰ (ਵਿੱਤ ਵਿਭਾਗ), ਸਿਵਲ ਸਕੱਤਰੇਤ, ਪੰਜਾਬ, ਚੰਡੀਗੜ੍ਹ।
2. ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ ਸਿੰਚਾਈ ਤੇ ਬਿਜਲੀ ਵਿਭਾਗ (ਊਰਜਾ ਸ਼ਾਖਾ), ਮਿੰਨੀ ਸਕੱਤਰੇਤ, ਸੈਕਟਰ-9 ਚੰਡੀਗੜ੍ਹ।
3. ਸਕੱਤਰ/ਐਨਆਰਈਸੀ., ਐਫ ਵਿੰਗ, ਨਿਰਮਾਣ ਭਵਨ, ਨਵੀਂ ਦਿੱਲੀ।
4. ਸਕੱਤਰ/ਐਚ.ਪੀ.ਐਸ.ਈ.ਬੀ. ਸ਼ਿਮਲਾ-41
5. ਸਕੱਤਰ/ਵਿੱਤ, ਚੰਡੀਗੜ੍ਹ ਪ੍ਰਬੰਧ ਚੰਡੀਗੜ੍ਹ।
6. ਸਕੱਤਰ/ਪ੍ਰਬੰਧ-1, ਸੈਂਟਰਲ ਇਲੈਕਟ੍ਰੀਸਿਟੀ ਅਥਾਰਟੀ, ਭਾਰਤ ਸਰਕਾਰ, ਸੇਵਾ ਭਵਨ, ਆਰ. ਕੇ.ਪੂਰਮ,ਨਵੀਂ ਦਿੱਲੀ।
7. ਸਕੱਤਰ/ਐਚ.ਐਸ.ਈ.ਬੀ., ਪੰਚਕੂਲਾ।
8. ਸਪੈਸ਼ਲ ਸਕੱਤਰ, ਬੀ.ਬੀ.ਐਮ.ਬੀ. ਸੈਕਟਰ-19, ਚੰਡੀਗੜ੍ਹ।
9. ਜਨਰਲ ਮੈਨੇਜਰ, ਦਿੱਲੀ ਇਲੈਕਟ੍ਰੀਸਿਟੀ ਸਪਲਾਈ ਅੰਡਰਟੇਕਿੰਗ, ਨਵੀਂ ਦਿੱਲੀ।
10. ਮੁੱਖ ਇੰਜੀਨੀਅਰ/ਜਨਰੇਸ਼ਨ, ਬੀਬੀਐਮਬੀ, ਨੰਗਲ ਟਾਊਨਸ਼ਿਪ।
11. ਮੁੱਖ ਇੰਜੀਨੀਅਰ/ਟ੍ਰਾਂਸਮਿਸ਼ਨ, ਬੀਬੀਐਮਬੀ, ਚੰਡੀਗੜ੍ਹ।
12. ਮੁੱਖ ਇੰਜੀਨੀਅਰ/ਇਲੈਕਟ੍ਰੀਸਿਟੀ, ਯੂ.ਟੀ., ਚੰਡੀਗੜ੍ਹ।

13. ਓ.ਐਸ.ਡੀ. ਟੂ ਸੀ.ਐਮ.ਡੀ., ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
14. ਮੁੱਖ ਲੇਖਾ ਅਫ਼ਸਰ ਟੂ ਡਾਇਰੈਕਟਰ/ਵਿੱਤ, ਪੰ:ਸ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
15. ਲੇਖਾ ਅਤੇ ਵਿੱਤ ਮੈਨੇਜਰ, ਗਨਦਥਪ,ਬਠਿੰਡਾ/ਲਹਿਰਾ ਮੁਹੱਬਤ ।
16. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫ਼ਸਰ, ਬੀਬੀਐਮਬੀ, ਚੰਡੀਗੜ੍ਹ/ਨੰਗਲ ਟਾਊਨਸ਼ਿਪ ।
17. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫ਼ਸਰ, ਗਗਸਸਥਪ, ਰੋਪੜ ।
18. ਨਿਗਰਾਨ ਇੰਜੀਨੀਅਰ(ਟੀ) ਟੂ ਡਾਇਰੈਕਟਰ/ਓਪਰੇਸ਼ਨ,ਜਨਰੇਸ਼ਨ, ਪ੍ਰਬੰਧਕੀ, ਐਚ.ਆਰ.ਅਤੇ ਵਣਜ
19. ਸਾਰੇ ਨਿਗਰਾਨ ਇੰਜੀਨੀਅਰ/(ਹਾਈਡਲ ਸਮੇਤ) ।
20. ਪ੍ਰਿੰਸੀਪਲ/ਟੀ.ਟੀ.ਆਈ., ਪੰ:ਸ:ਪਾਵਰ ਕਾ:ਲਿਮ: ਪਟਿਆਲਾ ।
21. ਕਾਨੂੰਨੀ ਸਲਾਹਕਾਰ, ਪੰ:ਸ:ਪਾਵਰ ਕਾ:ਲਿਮ:, ਪਟਿਆਲਾ ।
22. ਵਧੀਕ ਨਿਗ:ਇੰਜ:/ਕੋ-ਆਰਡੀਨੇਸ਼ਨ, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ:, ਬੀ-533, ਨਿਊ ਫਰੈਂਡਜ਼ ਕਲੋਨੀ, ਨਵੀ ਦਿੱਲੀ।
23. ਭੌਂ ਪ੍ਰਾਪਤੀ ਕੁਲੈਕਟਰ, ਪੰ:ਸ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
24. ਰੈਜੀਡੈਂਟ ਆਡਿਟ ਅਫ਼ਸਰ, ਪੰ:ਸ:ਪਾਵਰ ਕਾ:ਲਿਮ: ਪਟਿਆਲਾ ।
25. ਸਾਰੇ ਸੀਨੀਅਰ ਕਾਰਜਕਾਰੀ ਇੰਜੀਨੀਅਰਜ਼(ਸਮੇਤ ਹਾਈਡਲ)
26. ਸਾਰੇ ਸੀਨੀਅਰ ਨਿਜੀ ਸਕੱਤਰ ਟੂ ਸੀ.ਐਮ.ਡੀ./ਪਾਵਰ/ਟਰਾਂਸਮਿਸ਼ਨ/ਡਾਇਰੈਕਟਰਜ਼
27. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਪੰ:ਸ:ਪਾਵਰ/ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮ: ਪਟਿਆਲਾ।
28. ਸਾਰੇ ਉਪ ਮੁੱਖ ਲੇਖਾ ਅਫ਼ਸਰ/ਉਪ ਮੁੱਖ ਪੜਤਾਲਕਾਰ/ਉਪ ਵਿੱਤ ਸਲਾਹਕਾਰ ।
29. ਸਾਰੇ ਸੀਨੀਅਰ ਲੇਖਾ ਅਫ਼ਸਰ/ਲੇਖਾ ਅਫ਼ਸਰ/ਪ੍ਰੀ-ਆਡਿਟ, ਫੀਲਡ ਅਤੇ ਥਰਮਲ ।
30. ਲੇਖਾ ਅਫ਼ਸਰ/ਤਨਖਾਹ ਅਤੇ ਲੇਖਾ-1,2, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
31. ਲੇਖਾ ਅਫ਼ਸਰ/ਈ.ਏ.ਡੀ., ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
32. ਸੁਪਰਡੈਂਟ/ਬਿਲਜ਼-1,2 ਅਤੇ 3, ਪੰ:ਸ:ਪਾਵਰ/ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
33. ਮੁੱਖ ਦਫ਼ਤਰ, ਸਕੱਤਰੇਤ ਵਿੱਚ ਸਾਰੇ ਭਾਗਾਂ ਦੇ ਮੁੱਖੀ ਅਤੇ ਬ੍ਰਾਂਚ ਅਧਿਕਾਰੀ ।
34. ਸਕੱਤਰ/Ombudsman,ਇੰਡਸਟ੍ਰੀਅਲ ਏਰੀਆ, ਫੇਜ਼-1, ਮੋਹਾਲੀ।
35. ਸਾਰੇ ਮੁੱਖ ਭਲਾਈ ਅਫ਼ਸਰ/ਕਿਰਤ ਤੇ ਭਲਾਈ ਅਫ਼ਸਰ/ ਸਹਾਇਕ ਕਿਰਤ ਤੇ ਭਲਾਈ ਅਫ਼ਸਰ, ਪੰ:ਰਾ:ਪਾਵਰ/ ਟਰਾਂਸਮਿਸ਼ਨ ਕਾ:ਲਿਮ: ਪਟਿਆਲਾ ।
36. ਸਕੱਤਰ,ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਐਸ.ਸੀ.ਓ.ਨੰ:-220-221, ਸੈਕਟਰ-34-ਏ, ਚੰਡੀਗੜ੍ਹ।

ਨੱਥੀ/ਉਕਤ ਅਨੁਸਾਰ

ਅਧੀਨ ਸਕੱਤਰ/ਪੀ.ਆਰ.ਸੀ.

---

**ਪੰਜਾਬ ਸਰਕਾਰ, ਵਿੱਤ ਵਿਭਾਗ (ਫਾਇਨਾਂਸ ਪ੍ਰਸੋਨਲ - I ਬ੍ਰਾਂਚ) ਦੀ ਨੋਟੀਫਿਕੇਸ਼ਨ ਨੰ:7/204/2012-4 ਐਫ.ਪੀ.1/66 ਮਿਤੀ 15.01.2015 ਸਾਰੇ ਵਿਭਾਗਾ ਦੇ ਮੁੱਖੀਆ ਆਦਿ ਨੂੰ:-**

"ਵਿਸ਼ਾ: ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਅਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਸਬੰਧੀ।

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵਲੋਂ ਵਿੱਤੀ ਸੰਜਮ ਰੱਖਦੇ ਹੋਏ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕੀਤੇ ਜਾਣ ਦੇ ਮੰਤਵ ਨਾਲ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਵੱਖ-ਵੱਖ ਕੈਟਾਗਰੀਜ਼ ਦੀਆਂ ਅਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਨਿਯੁਕਤੀ ਸਬੰਧੀ ਕੁੱਝ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਲਈ ਵਿੱਤ ਵਿਭਾਗਾਂ ਵਲੋਂ ਜਾਰੀ ਨੋਟੀਫਿਕੇਸ਼ਨ ਨੰ: 7/204/2012-4ਵਿਪ੍1/60 ਮਿਤੀ 15.01.2015 ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-1, ਭਾਗ-1, ਦੇ ਸਬੰਧਤ ਰੂਲਾਂ ਵਿੱਚ ਸੋਧ ਕੀਤੀ ਗਈ ਹੈ।

2. ਉਪਰੋਕਤ ਨੋਟੀਫਿਕੇਸ਼ਨ ਰਾਹੀਂ ਕੀਤੀਆਂ ਸੋਧਾਂ ਉਪਰੰਤ ਸਿੱਧੀ ਭਰਤੀ ਤੇ ਤਨਖਾਹ ਦੇਣ ਸਬੰਧੀ

ਹੇਠਾਂ ਅਨੁਸਾਰ ਸਥਿਤੀ ਹੋਵੇਗੀ: -

i) ਸਿੱਧੀ ਭਰਤੀ ਉਪਰੰਤ 2 ਸਾਲ ਦੇ ਪਰਖ ਕਾਲ ਦੇ ਸਮੇਂ ਦੇ ਦੌਰਾਨ ਸਮੇਤ ਉਸ ਪਰਖ ਕਾਲ ਦੇ ਸਮੇਂ ਦੇ ਜੇਕਰ ਕੋਈ ਇਸ ਵਿੱਚ ਵਾਧਾ ਕੀਤਾ ਗਿਆ ਹੋਵੇ, ਕਰਮਚਾਰੀ ਨੂੰ ਬੱਝਵੀਂ ਤਨਖ਼ਾਹ (fixed emoluments) ਦਿੱਤੀ ਜਾਵੇਗੀ ਜੋ ਕਿ ਉਸ ਕਰਮਚਾਰੀ ਦੀ ਨਵੀਂ ਅਸਾਮੀ ਤੇ ਮਿਲਣ ਵਾਲੇ ਪੇ-ਬੈਂਡ ਦੇ ਘੱਟੋ-ਘੱਟ ਤਨਖਾਹ (Minimum of the Pay Band) ਦੇ ਬਰਾਬਰ ਹੋਵੇਗੀ ਅਤੇ ਪਰਖ ਕਾਲ ਸਮੇਂ ਦੌਰਾਨ ਉਸ ਨੂੰ ਗਰੇਡ ਪੇ, ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫਰੀ ਭੱਤੇ ਦੇ, ਮਿਲਣਯੋਗ ਨਹੀਂ ਹੋਣਗੇ।

ii) ਪਰਖ ਕਾਲ ਦਾ ਸਮਾਂ ਸਫਲਤਾਪੂਰਵਕ ਮੁਕੰਮਲ ਹੋਣ ਤੇ ਉਸ ਨੂੰ ਉਸ ਆਸਾਮੀ ਤੇ ਮਿਲਣਯੋਗ ਪੇ-ਬੈਂਡ ਦੀ ਘੱਟੋ-ਘੱਟ ਤਨਖਾਹ, ਸਮੇਤ ਗਰੇਡ-ਪੇ, ਤੋਂ ਸ਼ੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ।

iii) ਪਰਖ ਕਾਲ ਦਾ ਸਮਾਂ, ਅਤੇ ਜੇਕਰ, ਇਸ ਸਮੇਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ ਉਹ ਵੀ ਵਿੱਚ ਪਾ ਕੇ ਤਨਖਾਹ ਦੇ ਟਾਇਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀਂ ਗਿਣਿਆ ਜਾਵੇਗਾ।

iv) ਜੇਕਰ ਕਰਮਚਾਰੀ ਪਹਿਲਾਂ ਵੀ ਪੰਜਾਬ ਸਰਕਾਰ ਵਿੱਚ ਨੌਕਰੀ ਕਰ ਰਿਹਾ ਸੀ ਭਾਵ ਉਸ ਦਾ ਕਿਸੇ ਆਸਾਮੀ ਤੇ ਲੀਅਨ (Lien) ਹੈ, ਤਾਂ ਉਸ ਨੂੰ ਨਵੀਂ ਆਸਾਮੀ ਦੇ ਪਰਖ ਕਾਲ ਸਮੇਂ ਦੌਰਾਨ ਉਸ ਪਹਿਲੀ ਆਸਾਮੀ, ਜਿਸ ਉਪਰ ਉਸ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ।

v) ਕਰਮਚਾਰੀ ਦੇ ਪਰਖ ਕਾਲ ਸਮੇਂ ਦੌਰਾਨ ਉਹ ਨਿਊ ਡੀਫਾਈਂਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਕਵਰ ਹੋਵੇਗਾ ਅਤੇ ਇਸ ਸਬੰਧੀ ਸਰਕਾਰ ਵਲੋਂ ਬਣਦਾ ਮੈਚਿੰਗ ਸ਼ੇਅਰ ਵੀ ਦਿੱਤਾ ਜਾਵੇਗਾ।

3. ਇਹ ਹਦਾਇਤਾਂ ਸਰਕਾਰੀ ਵਿਭਾਗਾਂ ਦੇ ਨਾਲ-ਨਾਲ ਖੁਦ-ਮੁਖਤਿਆਰ ਅਤੇ ਅਰਧ ਸਰਕਾਰੀ ਸੰਸਥਾਵਾਂ, ਕਾਰਪੋਰੇਸ਼ਨਾਂ/ਬੋਰਡਾਂ, ਨੀਮ-ਸਰਕਾਰੀ ਅਦਾਰਿਆਂ, ਕਮਿਸ਼ਨਾਂ, ਟ੍ਰਿਬਿਊਨਲਾਂ, ਸਹਿਕਾਰੀ ਸੰਸਥਾਵਾਂ, ਸੋਸਾਇਟੀਆਂ, ਸਥਾਨਕ ਸਰਕਾਰ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਦੇ ਅਦਾਰਿਆਂ ਤੇ ਵੀ ਲਾਗੂ ਹੋਣਗੀਆਂ। ਪੰਜਾਬ ਸਰਕਾਰ ਦੇ ਇਨ੍ਹਾਂ ਅਦਾਰਿਆਂ/ਸੰਸਥਾਵਾਂ ਵਿੱਚ ਜਿੱਥੇ ਪਹਿਲਾਂ ਹੀ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਲਾਗੂ ਹਨ, ਉਨ੍ਹਾਂ ਵਿੱਚ ਇਹ ਸੋਧਾਂ ਆਪਣੇ-ਆਪ (Automatically) ਲਾਗੂ ਹੋਣਗੀਆਂ ਅਤੇ ਜਿਹੜੇ ਅਦਾਰਿਆਂ ਵਿੱਚ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਲਾਗੂ ਨਹੀਂ ਹੁੰਦੇ, ਉਹ ਅਦਾਰੇ ਆਪਣੇ ਰੂਲਾਂ ਵਿੱਚ ਇਨ੍ਹਾਂ ਹਦਾਇਤਾਂ ਅਨੁਸਾਰ ਲੋੜੀਂਦੀ ਸੋਧ ਕਰਕੇ ਇਸ ਸਬੰਧੀ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਦੀ ਮਿਤੀ ਤੋਂ ਲਾਗੂ ਕਰਨਗੇ।

4. ਪੰਜਾਬ ਰਾਜ ਵਿੱਚ ਭਰਤੀ ਕਰਨ ਸਬੰਧੀ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਇਸ ਸਬੰਧੀ ਪਹਿਲਾਂ ਹੀ ਨਿਰਧਾਰਤ ਕੀਤੇ ਗਏ ਪ੍ਰੋਸੀਜ਼ਰ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਕਿਸੇ ਕਿਸਮ ਦੀ ਭਰਤੀ ਕਰਨ ਤੋਂ ਪਹਿਲਾਂ ਸਰਕਾਰ ਦੀਆਂ ਪਹਿਲਾਂ ਹੀ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰੋਸੀਜ਼ਰ ਅਪਣਾਉਂਦੇ ਹੋਏ ਸਮਰੱਥ ਅਥਾਰਿਟੀ ਦੀ ਪ੍ਰਵਾਨਗੀ ਪ੍ਰਾਪਤ ਕਰਨੀ ਯਕੀਨੀ ਬਣਾਈ ਜਾਵੇਗੀ।

5. ਪ੍ਰਬੰਧਕੀ ਵਿਭਾਗਾਂ ਵਲੋਂ ਉਪਰੋਕਤ ਪੈਰ੍ਹਾ-3 ਅਨੁਸਾਰ ਉਨ੍ਹਾਂ ਅਧੀਨ ਆਉਂਦੇ ਅਦਾਰਿਆਂ ਲਈ ਇਨ੍ਹਾਂ ਫੈਸਲਿਆਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

6. ਇਹ ਸਕੀਮ ਪੰਜਾਬ ਸਿਵਲ ਸਰਵਿਸਿਜ਼ (ਜੁਡੀਸ਼ੀਅਲ ਬਰਾਂਚ) ਦੇ ਅਧਿਕਾਰੀਆਂ ਤੇ ਲਾਗੂ ਨਹੀਂ ਹੋਵੇਗੀ ਕਿਉਂਕਿ ਉਨ੍ਹਾਂ ਦੀ ਤਨਖਾਹ ਜਸਟਿਸ ਈ. ਪਦਮਾਨਾਭਨ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਦਿੱਤੀ ਜਾਂਦੀ ਹੈ।

7. ਇਹ ਫੈਸਲੇ ਤੁਰੰਤ ਲਾਗੂ ਹੋਣਗੇ।

ਸਹੀ/-  
(ਕਮਲੇਸ਼ ਅਰੋੜਾ)  
ਉਪ ਸਕੱਤਰ ਵਿੱਤ"